# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

ਵੱਲ:

ਪ੍ਰਿੰਸੀਪਲ/ਮੁੱਖ ਅਧਿਆਪਕ,
ਪੰਜਾਬ ਰਾਜ ਦੇ ਸਮੂਹ ਐਫੀਲੀਏਟਿਡ ਸਕੂਲਜ਼।

ਨੰਬਰ: ਪਸਸਬ-ਐਫੀ:2015/ 1787 ਮਿਤੀ: 13/5/15

ਵਿਸ਼ਾ: ਸਕੂਲਾਂ ਵਿੱਚ ਵਿਦਿਆਰਥੀਆਂ ਲਈ ਜਰੂਰੀ ਸੁਵਿਧਾਵਾਂ ਹੋਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਅਨੁਸਾਰ ਸਕੂਲਾਂ ਵਿੱਚ ਹੇਠ ਦਰਜ ਸੁਵਿਧਾਵਾਂ ਹੋਣੀਆਂ ਜਰੂਰੀ ਹਨ:-

1. ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਟੁਆਲਿਟ ਹਨ।
2. ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੂਲ ਕੋਲ ਕਲਾਸ ਰੂਮ ਉਪਲੱਬਧ ਹਨ।
3. ਸਕੂਲ ਵਿੱਚ ਫਾਇਰ ਸੇਫਟੀ ਯੰਤਰ ਲੱਗੇ ਹੋਏ ਹਨ।
4. ਵਿਦਿਆਰਥੀਆਂ ਦੇ ਪੀਣ ਲਈ ਸਾਫ ਸੁਥਰੇ ਪਾਣੀ ਦਾ ਪ੍ਰਬੰਧ ਹੈ। ਸਾਫ ਪਾਣੀ ਲਈ ਸਕੂਲ ਵਿੱਚ ਆਰ.ਓ. ਵਾਟਰ ਸਿਸਟਮ ਲੱਗੇ ਹੋਏ ਹਨ।

ਉਪਰੋਕਤ ਸੁਵਿਧਾਵਾਂ ਸਕੂਲ ਵਿੱਚ ਹੋਣ ਸਬੰਧੀ ਐਫੀਡੇਵਿਟ/ ਸਵੈ-ਘੋਸ਼ਣਾ ਪੱਤਰ ਇਸ ਪੱਤਰ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰੀ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ। ਨਿਰਧਾਰਤ ਸਮੇਂ ਵਿੱਚ ਜਵਾਬ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

13/5/15
ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ,ਪੰਜਾਬ ਸਕੂਲ ਸਿੱਖਿਆ ਬੋਰਡ।